# ਮੂਹਲੀ ਜਿੱਡੇ ਡੌਲੇ

ਮਾਘ ਫੱਗਣ ਮੀਂਹ ਉੱਕੇ ਹੀ ਨਹੀਂ ਪਏ ਸਨ । ਭਾਵੇਂ ਖ਼ੜਕੂ ਦੇ ਪਿਉ ਨੇ ਮਝੀਂ ਦਾ ਖ਼ਿਆਲ ਕਰਕੇ ਆਪਣੀ ਕਪਾਹ ਤੇ ਸਰ੍ਹੋਂ ਦੇ ਵਢਾਂ ਵਿਚ ਇਕ ਔੜ ਵੀ ਨਹੀਂ ਸੀ ਕੱਢੀ ਤੇ ਪਾਣੀ ਵੀ ਦਿਤਾ ਸੀ ਫਿਰ ਵੀ ਕਿਧਰੇ ਮੈਣੇ ਦਾ ਇਕ ਪੱਤਰ ਵੀ ਨਹੀਂ ਸੀ ਦਿਸਦਾ । ਚੇਤਰ ਦੀ ਧੁਪ ਵਿਚ ਕਾਗ਼ਜ਼ ਵਾਂਗ ਲਿਸ਼ਕਦੇ ਅੱਪੜ ਭੋਂ ਦੇ ਘੁਮਾਵਾਂ ਦੇ ਘੁਮਾਂ ਖੜਕੂ ਦੇ ਪਿਓ ਦਾ ਮਖ਼ੌਲ ਉਡਾ ਰਹੇ ਸਨ। ਪਰ ਖੜਕੂ ਦੇ ਨਾਨਕੇ ਮੀਂਹ ਢੇਰ ਪਏ ਸਨ ਤੇ ਉਸ ਤਰ੍ਹਾਂ ਵੀ ਝਨਾਂ ਦੇ ਹੜ੍ਹ ਉਥੋਂ ਦੀਆਂ ਦੱਭਾਂ ਹਰੀਆਂ ਰਖਦੇ।ਓੜਕ ਖੜਕੂ ਦੇ ਪਿਓ ਨੇ ਇਕ ਦਮ ਕਿਹਾ "ਪੁਤ੍ਰ ਸਿਆਣਿਆਂ ਆਖਿਆ ਏ 'ਦਰਿਆ ਦਾ ਹਮਸਾਇਆ, ਨਾ ਭੁਖਾ ਨ ਤ੍ਰਿਹਾਇਆ' ਓਧਰ ਰੱਬ ਦੀ ਮੇਹਰ ਏ। ਮੈਨੂੰ ਅੰਦ ਜਾਪਦਾ ਏ ਜਿਵੇਂ ਸਾਡੀਆਂ ਡਾਰਾਂ ਦਾ ਦਾਣਾ ਪਾਣੀ ਵੀ ਐਤਕੀ ਓਧਰ ਈ ਏ। ਏਨ੍ਹਾਂ ਨੂੰ ਓਥੇ ਈ ਅਪੜਾ।" ਬੱਸ ਖੜਕੂ ਮੱਝੀਂ ਹਿਕ ਲਈਆਂ ਤੇ ਤਿੰਨਾਂ ਦਿਨਾਂ ਦੇ ਪੰਧ ਪਿਛੋਂ ਨਾਨਕੇ ਅਪੜ ਗਿਆ।

ਨਾਨਕੇ ਪਿੰਡ ਖੜਕੂ ਮਾਨੋਂ ਇਕ ਖਡੌਣਾ ਸੀ। ਸਾਰਾ ਪਿੰਡ ਉਸ ਨਾਲ ਹਾਸਾ ਮਖ਼ੌਲ ਕਰਦਾ ਨ ਥੱਕਦਾ। ਬਨ੍ਹੋ ਦੀ ਬੇਬੇ ਖੜਕੂ ਦੇ ਮਾਮਿਆਂ ਦੇ ਗਵਾਂਢ ਹੋਣ ਕਰਕੇ ਵੀ ਤੇ ਮੁਢ ਤੋਂ ਹੀ ਖੜਕੂ ਦੀ ਮਾਂ ਤੇ ਪਿਓ ਨਾਲ ਹਿਤ ਕਰਨ ਕਰਕੇ ਵੀ ਰੋਜ਼ ਖੜਕੂ ਨੂੰ ਘਰ ਸੱਦ ਕੇ

ਦੁਧ ਪਿਆਂਦੀ ਤੇ ਉਸ ਦੇ ਘਰ ਦੀਆਂ ਗੱਲਾਂ ਪੁਛਦੀ।

"ਅੜਿਆ, ਤੁਸੀਂ ਸਾਡੀ ਬੀਬੀ ਨੂੰ ਕਦੇ ਨਹੀਂ ਘਲਦੇ।"

ਉਹ ਖੜਕੂ ਦੀ ਮਾਂ ਦੀਆਂ ਗਲਾਂ ਛੇੜ ਦਿੰਦੀ।

"ਸਿਆਣੀ ਏਂ ਜਦੋਂ ਆਉਂਦੀ ਏ ਕੋਈ ਮਤ ਈ ਦੇ ਜਾਂਦੀ ਏ। ਪਿਛਲੀ ਵੇਰ ਜਦੋਂ ਆਈ ਸੀ ਸਾਡੀ ਕਣਕ ਨੂੰ ਹੇਠੋਂ ਸਾਰੀ ਸੁਸਰੀ ਖਾਈ ਜਾਏ। ਮੈਂ ਗਲ ਕੀਤੀ, ਮੈਂ ਆਖਿਆ ਬੀਬੀ ਜੇ ਬਨੂਸੋ ਦੇ ਬਾਪੂ ਨੂੰ ਪਤਾ ਲਗਾ ਤਾਂ ਮੇਰੀ ਗੁਤ ਪੁਟ ਛਡੇਗਾ। ਆਖਣ ਲਗੀ ਲਾਇ ਭਾਬੀ ਇਹ ਕਿਹੜੀ ਗੱਲ ਏ, ਕਣਕ ਪਰ੍ਹਾਂ ਕਰਕੇ ਹੇਠ ਦੋ ਟੋਕਰੀਆਂ ਤੂੜੀ ਪਾ ਛਡ। ਫਿਰ ਆਈ ਤੇ ਬਨੂਸੋ ਵਚਾਰੀ ਦਾ ਮੂੰਹ ਸਾਰਾ ਥਿਮੂੰ ਥਿੱਮੂ ਹੋਇਆ ਹੋਇਆ। ਮੈਂ ਆਖਿਆ ਬੀਬੀ ਏਦਾ ਵੀ ਕੁਝ ਕਰ। ਆਖਣ ਲੱਗੀ ਭਾਬੀ ਅਧਰਿੜਕਾ ਦਿਆ ਕਰ ਸੂ। ਸੱਚੀਂ ਮੁੱਚੀ ਮੈਂ ਅਧਰਿੜਕਾ ਦਿਤਾ ਤੇ ਅਜ ਹੋਰ ਭਲਕ ਹੋਰ ਤੇ ਪੰਜਾਂ ਛੇਆਂ ਦਿਨਾਂ ਵਿਚ ਈ ਮੂੰਹ ਵੜਾ ਵਾਹਵਾ ਨਿਕਲ ਆਇਆ।"

"ਹਲਾ ਮਾਮੀ।" ਖੜਕੂ ਨੇ ਗੱਲ ਵਿਚ ਧਿਆਨ ਜ਼ਾਹਰ ਕਰਦਿਆਂ ਹੋਇਆਂ ਆਖਿਆ।

"ਤੇਰਾ ਪਿਓ ਤੇ ਪੁੱਜ ਕੇ ਸ਼ਤਾਨ ਸੀ।" ਬਨੂਸੋ ਦੀ ਬੇਬੇ ਫਿਰ ਗੱਲ ਛੇੜੀ।

"ਬਨੂਸੋ ਹੋਈ ਤੇ ਆਖੇ ਏਦ੍ਹਾ ਸਾਕ ਮੈਨੂੰ ਖੜਕੂ ਲਈ ਦੇ ਛਡ। ਏਨੂੰ ਨਿਕੀ ਜਹੀ ਨੂੰ ਚੁੱਕ ਕੇ ਰੇਤ ਵਿਚ ਦੱਬ ਆਵੇ ਤੇ ਆਖੇ ਡੋਲੇ ਵਿਚ ਬਹਾ ਆਇਆਂ, ਆਪੇ ਬਾਰ ਵਿਚ ਅਪੜ ਜਾਇਗੀ।"

"ਵੇ ਖੜਕੂ ਤੂੰ ਮੁੜਕੇ ਕਦੋਂ ਜਾਣਾ ਏਂ?" ਇਕ ਦਿਨ ਘਰ ਆਏ ਖੜਕੂ ਨੂੰ ਬਨੂਸੋ ਨੇ ਪੁਛਿਆ।

ਬਨੂਸੋ ਦੀ ਬੇਬੇ ਕਿਸੇ ਦੇ ਘਰੋਂ ਮਰੀਕਨੀ ਕਪਾਹ ਦਾ ਬੀ

ਪੁਛਣ ਗਈ ਸੀ।

"ਬੱਸ ਹੁਣ ਝਬਦੇ ਈ ਮੁੜ ਜਾਣਾ ਏਂ। ਮੱਝੀਂ ਲਿੱਸੀਆਂ ਹੋ ਗਈਆਂ ਨੇ, ਦੱਭ ਤੇ ਸਰਕੜੇ ਨੂੰ ਤੇ ਮੂੰਹ ਨਹੀਂ ਲਾਂਦੀਆਂ, ਧਾਮਨ ਤੇ ਮੈਣੇ ਤੇ ਜ਼ੂ ਹਿਲੀਆਂ ਹੋਈਆਂ। ਅਸਲ ਵਿਚ ਦੱਭ ਹੁੰਦੋ ਏ ਖਰਵੀ ਤੇ ਮਲੂਕ ਡੰਗਰ ਨੂੰ ਮੂੰਹੋਂ ਨਹੀਂ ਸੁਖਾਂਦੀ।"

"ਜੇ ਏਡੀਆਂ ਮਲੂਕ ਸਾਨੀ ਤੇ ਫਿਰ ਏਡੀ ਵਲੈਤ ਤੋਂ ਹਿੱਕ ਕੇ ਕਾਹਨੂੰ ਲੈ ਆਇਆ ਸੈ।" ਬਨੁਸੀ ਨੇ ਆਪਣੇ ਡੰਗਰਾਂ ਦੀ ਹਾਲਤ ਹੁੰਦੀ ਵੇਖ ਖਿਝ ਕੇ ਆਖਿਆ।

"ਤੈਨੂੰ ਤੇ ਐਵੇਂ ਤੋਖਲਾ ਲੱਗਦਾ ਏ। ਤੂੰ ਇਹ ਤੇ ਕਿਆਸ ਕਰ ਪਈ ਮੈਂ ਭਲਾ ਕੁਲ ਮੁਲਖ਼ ਤੋਂ ਪਹਿਲਾਂ ਕਿਉਂ ਧੰਮੀ ਛੇੜ ਕੇ ਲੈ ਜਾਨਾ ਵਾਂ। ਈਹੋ ਤਮ੍ਹਾਂ ਹੁੰਦਾ ਏ ਪਈ ਰਾਤ ਦੇ ਪੂਰੇ ਨਾਲ ਸਜਰੀ ਫੁੱਟੀ ਹੋਈ ਚੱਪਾ ਚੱਪਾ ਮਰੂੰਡ ਲੈਣ, ਖਰੂਵੀ ਨੂੰ ਤੇ ਇਨ੍ਹਾਂ ਸੁੰਘਣਾ ਵੀ ਨਾ ਨ ਹੋਇਆ।"

"ਪਰ ਮੈਂ ਆਨ੍ਹੀ ਆਂ ਤੁਹਾਡੇ ਮੁਲਖ ਬੜੇ ਪੱਠੇ ਹੁੰਦੇ ਨੇ।"

"ਪੱਠਿਆਂ ਦੀ ਤੇ ਗੱਲ ਈ ਨਾ ਹਿਲਾ। ਹੁਣ ਮੈਂ ਮੱਝੀਂ ਏਧਰ ਹਿੱਕ ਲਿਆਇਆਂ ਨ, ਪਿਛੇ ਸਾਡੇ ਕਿੱਲਿਆਂ ਦੇ ਕਿੱਲੇ ਮੈਣੇ ਦੇ ਸੁਕ ਜਾਣੇ ਨੇ। ਬੱਸ ਜਿੱਧਰ ਧਿਆਨ ਮਾਰੀਏ ਹਰਿਆਉਲ ਈ ਹਰਿਆਉਲ। ਏਥੋਂ ਵਾਂਗ ਟੋਏ ਟਿੱਬੇ ਤੇ ਨਹੀਂ ਹੁੰਦੇ।"

"ਭਈ ਤਾਂ ਤੇ ਤੁਹਾਡਾ ਮੁਲਖ ਬੜਾ ਵਧੀਆ ਵੇਖਣ ਵਾਲਾ ਹੋਣਾ ਏ।"

"ਵਧੀਆ ਜਿਹਾ ਵਧੀਆ, ਮੈਂ ਆਹਨਾਂ ਮਾੜਾ ਮੋਟਾ ਪੁਲਸੀਆ ਓਧਰ ਮੂੰਹ ਨਹੀਂ ਕਰਦਾ ਤੇ ਜੇ ਠਾਣੇਦਾਰ ਵੀ ਆਵੇ ਤੇ ਮੁੜ ਕੋਈ ਹਮਕੋ ਤੁਮਕੋ ਤੇ ਨਹੀਂ ਸੂ ਨ ਕਰਨੀ ਓਥੇ 'ਆਓ ਬਾਬਾ ਜੀ ਬਹਿ ਜਾਓ, ਆ ਜਵਾਨਾਂ ਬਹਿ ਜਾ' ਬੱਸ ਈਹੋ ਈ ਮੂੰਹੋਂ

ਪੁਛਣ ਗਈ ਸੀ।

"ਬੱਸ ਹੁਣ ਝਬਦੇ ਈ ਮੁੜ ਜਾਣਾ ਏ । ਮੱਝੀਂ ਲਿੱਸੀਆਂ ਹੋ ਗਈਆਂ ਨੇ, ਦੱਭ ਤੇ ਸਰਕੜੇ ਨੂੰ ਤੇ ਮੂੰਹ ਨਹੀਂ ਲਾਂਦੀਆਂ, ਧਾਮਨ ਤੇ ਮੈਣੇ ਤੇ ਜੂ ਹਿਲੀਆਂ ਹੋਈਆਂ। ਅਸਲ ਵਿਚ ਦੱਭ ਹੁੰਦੀ ਏ ਖਰਵੀ ਤੇ ਮਲੂਕ ਡੰਗਰ ਨੂੰ ਮੁੱਢੋਂ ਨਹੀਂ ਸੁਖਾਂਦੀ।"

"ਜੇ ਏਡੀਆਂ ਮਲੂਕ ਸਾਨੀ ਤੇ ਫਿਰ ਏਡੀ ਵਲੈਤ ਤੋਂ ਹਿੱਕ ਕੇ ਕਾਹਨੂੰ ਲੈ ਆਇਆ ਸੈ।" ਬਨੁਸੀ ਨੇ ਆਪਣੇ ਡੰਗਰਾਂ ਦੀ ਹਾਲਤ ਹੁੰਦੀ ਵੇਖ ਖਿਝ ਕੇ ਆਖਿਆ।

"ਤੈਨੂੰ ਤੇ ਐਵੇਂ ਤੋਖਲਾ ਲੱਗਦਾ ਏ। ਤੂੰ ਇਹ ਤੇ ਕਿਆਸ ਕਰ ਪਈ ਮੈਂ ਭਲਾ ਕੁਲ ਮੁਲਖ ਤੋਂ ਪਹਿਲਾਂ ਕਿਉਂ ਧੰਮੀ ਛੋੜ ਕੇ ਲੈ ਜਾਨਾ ਵਾਂ। ਈਹੋ ਤਮ੍ਹਾਂ ਹੁੰਦਾ ਏ ਪਈ ਰਾਤ ਦੇ ਪੂਰੇ ਨ੍ਹਾਲ ਸਜਰੀ ਫੁੱਟੀ ਹੋਈ ਚੱਪਾ ਚੱਪਾ ਮਰੁੰਡ ਲੈਣ, ਖਰੂਵੀ ਨੂੰ ਤੇ ਇਨ੍ਹਾਂ ਸੁੰਘਣਾ ਵੀ ਨਾ ਨ ਹੋਇਆ।"

"ਪਰ ਮੈਂ ਆਨ੍ਹੀ ਆਂ ਤੁਹਾਡੇ ਮੁਲਖ ਬੜੇ ਪੱਠੇ ਹੁੰਦੇ ਨੇ।"

"ਪੱਠਿਆਂ ਦੀ ਤੇ ਗੱਲ ਈ ਨਾ ਹਿਲਾ। ਹੁਣ ਮੈਂ ਮੱਝੀਂ ਏਧਰ ਹਿੱਕ ਲਿਆਇਆਂ ਨ, ਪਿਛੇ ਸਾਡੇ ਕਿੱਲਿਆਂ ਦੇ ਕਿੱਲੇ ਮੈਣੇ ਦੇ ਸੁਕ ਜਾਣੇ ਨੇ। ਬੱਸ ਜਿੱਧਰ ਧਿਆਨ ਮਾਰੀਏ ਹਰਿਆਉਲ ਈ ਹਰਿਆਉਲ। ਏਥੋਂ ਵਾਂਗ ਟੋਇ ਟਿੱਬੇ ਤੇ ਨਹੀਂ ਹੁੰਦੇ।"

"ਭਈ ਤਾਂ ਤੇ ਤੁਹਾਡਾ ਮੁਲਖ ਬੜਾ ਵਧੀਆ ਵੇਖਣ ਵਾਲਾ ਹੋਣਾ ਏ।"

"ਵਧੀਆ ਜਿਹਾ ਵਧੀਆ, ਮੈਂ ਆਹਨਾਂ ਮਾੜਾ ਮੋਟਾ ਪੁਲਸੀਆ ਓਧਰ ਮੂੰਹ ਨਹੀਂ ਕਰਦਾ ਤੇ ਜੇ ਠਾਣੇਦਾਰ ਵੀ ਆਵੇ ਤੇ ਮੁੜ ਕੋਈ ਹਮਕੋ ਤੁਮਕੋ ਤੇ ਨਹੀਂ ਸੂ ਨ ਕਰਨੀ ਓਥੇ 'ਆਓ ਬਾਬਾ ਜੀ ਬਹਿ ਜਾਓ, ਆ ਜਵਾਨਾਂ ਬਹਿ ਜਾ' ਬੱਸ ਈਹੋ ਈ ਮੂੰਹੋਂ

"ਏਧਰ ਦਾ ਕੀ ਏ ਲੈ ਛੁਡਾ ਲੈ ਆਪਨੀ ਬਾਂਹ।"

"ਹਾਇ ਮੇਰੀਆਂ ਵੰਗਾਂ।"

ਤੇ ਖੜਕੂ ਨੇ ਤ੍ਰਹਿ ਕੇ ਬਾਂਹ ਛਡ ਦਿਤੀ। ਬਨੂਸੋ ਵੰਗਾਂ ਜਾਚਣ ਲਗ ਪਈ। ਇਕ ਇਕ ਕਰਕੇ ਉਸ ਸਾਰੀਆਂ ਲਾਹੀਆਂ। ਭਜੀ ਤੇ ਕੋਈ ਨਹੀਂ ਸੀ ਤੇ ਨਾ ਹੀ ਕਿਸੇ ਨੂੰ ਤ੍ਰੇੜ ਆਈ ਸੀ। ਉਹ ਫਿਰ ਉਨ੍ਹਾਂ ਨੂੰ ਚੜ੍ਹਾਣ ਲਗ ਪਈ।

"ਲਾਇ ਆਹ ਵੰਗ ਬਹੁਤੀ ਸੌੜੀ ਏ, ਇਹ ਤੂੰ ਚਾੜ੍ਹ ਦੇ।"

ਬਨੂਸੋ ਆਪਣੀ ਗੋਰੀ ਬਾਂਹ ਖੜਕੂ ਵਲ ਕਰਦੀ ਹੋਈ ਕਿਹਾ।

"ਸੌੜੀ ਕਦੋਂ ਏ? ਦੂਜੀਆਂ ਜੇਡੀ ਜਾਪਦੀ ਏ ਮੈਨੂੰ ਤੇ।"

"ਨਹੀਂ ਸੌਂਹ ਪੀਰ ਦੀ ਸੌੜੀ ਏ, ਭਾਵੇਂ ਮੇਚ ਕੇ ਵੇਖ ਲੈ।"

ਤੇ ਬੰਨੂਸੋ ਇਕ ਹੋਰ ਵੰਗ ਲਾਹ ਦਿਤੀ। ਇਸ ਤਰ੍ਹਾਂ ਕਈ ਚਿਰ ਵੰਗਾਂ ਲਹਿੰਦੀਆਂ ਚੜ੍ਹਦੀਆਂ ਰਹੀਆਂ ਤੇ ਹਰ ਵਾਰੀ ਖੜਕੂ ਦੇ ਹਥੋਂ।

ਇਕ ਸ਼ਾਮ ਘੁਸਮੁਸੇ ਜਹੇ ਖੜਕੂ ਘੋੜੀ ਤੇ ਚੜ੍ਹਿਆ ਮੱਝੀਂ ਲਈ ਚਰਾਂਦ ਤਾੜ ਕੇ ਸਿੱਧਾ ਕਣਕਾਂ ਵਿਚੋਂ ਦੀ ਵਾਪਸ ਆ ਰਿਹਾ ਸੀ। ਕਣਕ ਦੀਆਂ ਦੋ ਪੈਲੀਆਂ ਦੇ ਵਿਚਕਾਰ ਲੇਟੀ ਬੰਨੂਸੋ ਪੈਲੀਆਂ ਦੀ ਵਿਚਕਾਰਲੀ ਉੱਚੀ ਵੱਟ ਨੂੰ ਆਪਣੀ ਹਿਕ ਨਾਲ ਦਬਾ ਰਹੀ ਸੀ।

"ਇਥੇ ਕੀ ਕਰਨੀ ਏਂ?" ਖੜਕੂ ਨੇ ਲਗਾਮ ਖਿਚਦੇ ਹੋਏ ਕਿਹਾ।

"ਕੁਝ ਨਹੀਂ ਬਾਹਰ ਹੋਣ ਆਈ ਸਾਂ, ਢਿੱਡ ਪੀੜ ਹੋਣ ਲਗ ਪਈ ਸੀ।"

ਪਰ ਖੜਕੂ ਕੋਈ ਅੰਞਾਣਾ ਤੇ ਨਹੀਂ ਸੀ। ਉਹ ਜਾਣਦਾ ਸੀ ਕਿ ਪੀੜ ਕਿਥੇ ਹੈ।

"ਆ ਮੇਰ ਪਿਛੇ ਹੋ ਬੈਹ।"

"ਚੜ੍ਹਾਂ ਕਿਵੇਂ?"

"ਹੱਥ ਮੈਨੂੰ ਫੜਾ ਕੇ ਮੇਰੇ ਪੈਰ ਤੇ ਪੈਰ ਧਰਕੇ ਚੜ੍ਹ ਆ।"

"ਹਲਾ।"

ਤੇ ਇਕ ਪਲ ਵਿਚ ਬਨੁਸੋ ਖੜਕੂ ਦੇ ਪਿਛੇ ਬੈਠੀ ਸੀ।

"ਜੇ ਮੈਂ ਤੈਨੂੰ ਕਿਧਰੇ ਭਜਾ ਲਜਾਂ ਤੇ ਫਿਰ।"

"ਜਿਥੇ ਸਲਾਹ ਈ ਭਜਾ ਲੈ ਚੱਲ।"

'ਤੈਨੂੰ ਮੈਥੋਂ ਡਰ ਨਹੀਂ ਆਉਂਦਾ?"

"ਨਹੀਂ, ਤੈਥੋਂ ਉੱਕਾ ਨਹੀਂ ਆਉਂਦਾ।'

"ਕਿਉਂ ਮੈਥੋਂ ਕਿਉਂ ਨਹੀਂ ਆਉਂਦਾ?"

'ਪਤਾ ਨਹੀਂ।"

"ਘੋੜੀ ਭਜਾਂ।"

"ਨ ਮੈਂ ਡਿਗ ਪਵਾਂਗੀ।"

"ਤੂੰ ਮੇਰੀ ਹਿਕ ਦਵਾਲੇ ਘੁਟ ਕੇ ਹਥ ਪਾ ਲੈ।"

"ਤੇਰੀ ਹਿਕ ਦਵਾਲੇ ਮੇਰੀਆਂ ਬਾਹੀਂ ਆਉਂਦੀਆਂ ਨਹੀਂ।"

"ਲੱਕ ਦਵਾਲੇ ਪਾ ਲੈ।"

"ਚੰਗਾ ਭਜਾ।"

ਘੋੜੀ ਭਜੀ ਪੋਈਏ ਤੇ ਫਿਰ ਸਰਪਟ ਪਰ ਬੰਨੁਸੀ ਨੇ ਖੁੰਗੀ ਘੁਟ ਕੇ ਪਾਈ ਰਖੀ। ਪਿੰਡ ਦੇ ਨੇੜੇ ਆ ਕੇ ਖੜਕੂ ਨੇ ਘੋੜੀ ਖਲ੍ਹਾਰ ਲਈ।

"ਕਦੀ ਅਗੇ ਵੀ ਘੋੜੀ ਭਜਾਈ ਆ?"

"ਨਹੀਂ, ਚੰਬੜੀ ਤੇ ਬੁਰੀ ਬਾਂਦਰੀ ਦੇ ਬਚੇ ਵਾਂਗ ਰਹੀਂ ਏਂ। ਲੈ ਹੁਣ ਉੱਤਰ।"

ਉਸ ਤਰ੍ਹਾਂ ਪੈਰ ਤੇ ਪੈਰ ਧਰਕੇ ਬੰਨੁਸੋ ਉਤਰ ਗਈ। ਹਿਲੀ ਹਿਲਾਈ ਘੋੜੀ ਆਪਣੇ ਆਪ ਹੀ ਹਵਲੀ ਤੇ ਅਪੜ ਗਈ। ਖੜਕੂ ਲਈ ਲਗਾਮ ਦਾ ਧਿਆਨ ਕਰਨਾ ਔਖਾ ਸੀ।

ਲੰਬਰਾਂ ਦੀ ਧੀ ਦਾ ਵਿਆਹ ਸੀ। ਜੰਞ ਲਈ ਦੋ ਬਕਰੇ ਝਟਕਣੇ ਸਨ। ਇਕ ਬਕਰੇ ਦੇ ਸਿੰਙ ਨੂੰ ਰੱਸੀ ਪਾ ਕੇ ਧਰਮੂ ਨੇ ਇਕ ਰੁਖ ਨਾਲ ਬੰਨ੍ਹ ਦਿਤਾ ਤੇ ਉਹਦੀ ਧੌਣ ਦੇ ਵਾਲ ਗਿਲੇ ਕਰਨ ਲਗਾ।

"ਨ ਭਈ ਧਰਮੂ," ਇਕ ਕੋਲ ਖਲੋਤੇ ਬੁਢੇ ਨੇ ਹਟਕ ਦਿਤਾ "ਧੌਣ ਗਿਲੀ ਕਰਕੇ ਤੇ ਜਨਾਨੀਆਂ ਵੀ ਬੱਕਰੇ ਵੱਢ ਲੈਂਦੀਆਂ ਨੇ, ਅਜ ਸੁਕੀ ਧੌਣੇ ਈ ਕੰਮ ਚਲਾ। ਇਕ ਵੱਢ ਤੂੰ ਤੇ ਇਕ ਵੱਢਦਾ ਇਹ ਵਿਰਕ ਛੋਹਰ" ਖੜਕੂ ਵਲ ਇਸ਼ਾਰਾ ਕਰਕੇ ਬੁਢੇ ਨੇ ਗੱਲ ਖਤਮ ਕੀਤੀ।

'ਚੰਗਾ ਬਾਪੂ" ਆਖ ਧਰਮੂ ਪਾਣੀ ਵਾਲਾ ਹਥ ਪਿਛਾਂ ਖਿਚ ਲਿਆ। ਅਖ ਦੀ ਫੋਰ ਵਿਚ ਅਖਾੜੇ ਵਾਲਾ ਸਮਾਂ ਬਝ ਗਿਆ। ਧਰਮੂ ਨੇ ਕ੍ਰਿਪਾਨ ਉਗਰੀ ਤੇ ਬੇ ਆਵਾਜ਼ ਉਹ ਬੱਕਰੇ ਦੀ ਧੌਣ ਵਿਚੋਂ ਲੰਘ ਗਈ। ਧੌਣ ਤੋਂ ਵੱਖਰਾ ਹੋ ਧੜ ਭੋਂ ਤੇ ਢਹਿ ਪਿਆ। ਰੱਸੀ ਦੂਜੇ ਬੱਕਰੇ ਦੇ ਸਿੰਗਾਂ ਨੂੰ ਪਾਈ ਗਈ। ਖੜਕੂ ਦੀ ਕ੍ਰਿਪਾਨ ਚੱਲੀ। "ਮੈਂ" ਕਰਦਾ ਬੱਕਰਾ ਭੋਇੰ ਤੇ ਡਿਗਾ ਪਰ ਧੜ ਤੋਂ ਪੂਰੀ ਤਰ੍ਹਾਂ ਜੁਦਾ ਨਹੀਂ ਹੋਇਆ ਸੀ। ਕ੍ਰਿਪਾਨ ਦਾ ਪੋਲਾ ਜਿਹਾ ਝਟਕਾ ਮਾਰ ਕੇ ਖੜਕੂ ਨੇ ਅੜੀ ਹੋਈ ਥੋੜੀ ਜਹੀ ਖਲ ਵਢ ਦਿਤੀ ਪਰ ਉਸ ਦਾ ਮੂੰਹ ਕੁਝ ਸੁਕ ਗਿਆ। ਮੁੰਡਿਆਂ ਵਿਚ ਕੁਝ ਘੁਸਰ ਘੁਸਰ ਹੋਈ ਤੇ ਕੁਝ ਦਬੇ ਦਬੇ ਹਾਸੇ ਪਰ ਧੌਣ ਦਾ ਅੜਾ ਅਸਲੋਂ ਵਾਲ ਭਰ ਸੀ ਇਸ ਲਈ ਕਿਸੇ ਮਿਹਣਾ ਨਾ ਮਾਰਿਆ।

"ਧਰਮੂ ਦੇ ਬੱਕਰੇ ਦੀ ਧੌਣ ਲਹਿਕੇ ਅਸਲੋਂ ਪਰ੍ਹਾਂ ਜਾ ਪਈ ਸੀ।" ਸ਼ਾਮ ਨੂੰ ਖੜਕੂ ਦੀ ਝੋਲੀ ਵਿਚ ਪਈ ਬਨ੍ਹੋ ਨੇ ਪੁਛਿਆ। ਉਹ ਸਭ ਕੁਝ ਪਹਿਲਾਂ ਹੀ ਸੁਣ ਚੁਕੀ ਸੀ। "ਪਰ੍ਹਾਂ ਤੇ ਆਪੇ ਜਾ ਪੈਣੀ ਸੀ। ਥੋੜੀ ਜਿਹੀ ਗਿਲੀ ਤੇ ਪਹਿਲਾਂ ਹੀ ਹੋ ਗਈ ਤੇ ਫਿਰ ਸਾਰੇ ਮੁੰਡੇ ਦਾਓ ਦਾਈ ਗਿਲੇ ਹਥ ਉਹਦੀ ਧੌਣ ਤੇ ਫੇਰਦੇ ਸਨ।"

"ਹਲਾ ਇਹ ਗਲ ਸੀ ਪਰ ਉਂਜ ਵੀ ਧਰਮੂ ਜਿੰਨੀ ਹਿੰਮਤ ਤੇ ਨਹੀਂ ਨ ਤੇਰੇ ਵਿਚ । ਉਸ ਤੁੜ ਗਏ ਦੇ ਤੇ ਮੁਹਲੀ ਜਿਡੇ ਡੌਲੇ ਈ ਨ।"

ਖੜਕੂ ਠੰਢਾ ਯਖ ਹੋ ਗਿਆ। ਬਾਹਾਂ ਵਿਚ ਪਈ ਬੰਨ੍ਹਸੋ ਕੋਈ ਠਗਨੀ ਸੀ ਜਾਂ ਡੈਣ। ਜੇ ਹਿੰਮਤ ਧਰਮੂ ਵਿਜ ਵਧੇਰੀ ਸੀ ਤਾਂ ਖੜਕੂ ਨਾਲ ਪਿਆਰ ਕਿਹਾ। ਜੇ ਬੰਨ੍ਹਸੋ ਨੂੰ ਨਿਸਚਾ ਸੀ ਕਿ ਖੜਕੂ ਨਾਲੋਂ ਚੰਗੇਰੇ ਬੰਦੇ ਵੀ ਦੁਨੀਆਂ ਵਿਚ ਹੈਨ ਤਾਂ ਉਹ ਕੇਵਲ ਇਕ ਡੰਗ ਟਪਾਊ ਕਾਮਾ ਹੀ ਸੀ।

"ਮਾਮਾਂ ਮੈਂ ਵਡੇ ਵੇਲੇ ਜਾਊ ਆਂ।" ਹਵੇਲੀ ਤੇ ਆ ਕੇ ਖੜਕੂ ਮਾਮੇ ਤੋਂ ਆਗਿਆ ਮੰਗਣ ਲਗਾ।

"ਕਿਉਂ ਕਾਟ ਆ ਗਿਆ ਈ ਬਾਪੂ ਦਾ।"

ਖੜਕੂ ਦੇ ਬਾਪੂ ਆਖ ਘਲਿਆ ਸੀ ਜਦੋਂ ਮੈਂ ਖਤ ਪਾਵਾਂ ਉਦੋਂ ਆ ਜਾਈਂ। ਪਰ ਉਹ ਖਤ ਤੇ ਬੜੇ ਚਿਰ ਦਾ ਆ ਕੇ ਚੋਰੀ ਚੋਰੀ ਖੜਕੂ ਦੇ ਹਥੋਂ ਪਾਟ ਚੁਕਾ ਸੀ।

"ਨਹੀਂ ਮਾਮਾਂ ਕਾਟ ਤੇ ਕੋਈ ਨਹੀਂ ਆਇਆ ਪਰ ਮੈਨੂੰ ਰਾਤੀਂ ਸੁਫਨਾਂ ਬੜਾ ਭੈੜਾ ਆਇਆ ਏ। ਬੂਰੀ ਮਝ ਨੂੰ ਦੱਭ ਵਿਚੋਂ ਸਪ ਲੜ ਗਿਆ ਏ ਤੇ ਉਹ ਮਰ ਗਈ ਏ। ਢਗਿਆਂ ਮਗਰ ਪਾ ਕੇ ਅਸੀਂ ਉਹਨੂੰ ਬਾਬੇ ਲੰਮੇ ਦੇ ਵਾਹਣ ਵਿਚ ਸੁਟ ਆਏ ਆਂ ਤੇ ਉਥੇ ਕੰਢੀਆਂ ਕੰਢੀਆਂ ਚੁੰਝਾਂ ਵਾਲੀਆਂ ਗਿਰਝਾਂ ਉਹਦੇ ਦਵਾਲੇ ਕਿਧਰੇ ਮਿਉਂਦੀਆਂ ਨਹੀਂ। ਮੇਰਾ ਤੇ ਬੜਾ ਦਿਲ ਡਰਦਾ ਏ।"

"ਹਲਾ ਮਲੋ ਹਿਕ ਲਈ ਸਵੇਰੇ।"

ਮਾਮੇ ਦੀ ਤੇ ਅੱਖ ਲਗ ਗਈ ਪਰ ਖੜਕੂ ਪਾਸੇ ਮਾਰਦਾ ਰਿਹਾ। ਅਖੀਰ ਉਠ ਕੇ ਉਸ ਹਵੇਲੀ ਦੀ ਖਿੜਕੀ ਪਰ੍ਹਾਂ ਕੀਤੀ ਤੇ ਮਝੀਂ ਕੱਢਣ ਲਗ ਪਿਆ।

"ਪਹਿਲੀ ਰਾਤੀਂ ਹਿਕ ਲਊ ਏਂ ?" ਮਾਮੇ ਨੇ ਹਵੇਲੀਓਂ ਨਿਕਲਦੀਆਂ ਮਝੀਂ ਦੀ ਫੂੰ ਫੂੰ ਤੇ ਘੁਸਰ ਘੁਸਰ ਨਾਲ ਜਾਗ ਕੇ ਕਿਹਾ।

"ਆਹੋ ਮਾਮਾਂ ਧੁਪ ਨਿਕਲਣ ਤੋਂ ਪਹਿਲਾਂ ਪਹਿਲਾਂ ਰੁਝ ਪੈਂਡਾ ਵਢ ਲੈਨਾਂ। ਮੈਂਹਰੂ ਜੂ ਹੋਇ, ਕੋਈ ਰੋਕੇ ਤੇ ਨਹੀਂ ਨਾ ਪਏ ਧੁਪੇ ਹੀ ਟੁਰੇ ਜਾਣ।"